WorkSafeBC | ਨਿਊਜ਼ ਰਿਲੀਜ਼

ਬੀ.ਸੀ. 'ਚ ਕੰਮ ਵਾਲੀਆਂ ਥਾਵਾਂ 'ਤੇ ਤਿਲ੍ਹਕਣ, ਥਿੜਕਣ ਅਤੇ ਡਿੱਗਣ ਦੀਆਂ ਘਟਨਾਵਾਂ ਕਾਰਨ ਲਗਾਤਾਰ ਭਾਰੀ ਨੁਕਸਾਨ ਹੋ ਰਿਹਾ ਹੈ।

ਸਰਦੀਆਂ ਦੇ ਮਹੀਨਿਆਂ ਦੌਰਾਨ ਤਿਲ੍ਹਕਣ, ਥਿੜਕਣ ਅਤੇ ਡਿੱਗਣ ਕਾਰਨ ਲੱਗਣ ਵਾਲੀਆਂ ਸੱਟਾਂ ਵਿੱਚ 37 ਫੀਸਦੀ ਦਾ ਵਾਧਾ ਹੁੰਦਾ ਹੈ।

ਰਿਚਮੰਡ, ਬੀ.ਸੀ. (12 ਨਵੰਬਰ, 2026) — ਇਸ ਪਤਝੜ ਦੌਰਾਨ ਜਿਵੇਂ-ਜਿਵੇਂ ਮੌਸਮ ਬਦਲ ਰਿਹਾ ਹੈ, ਵਰਕਸੇਫਬੀਸੀ ਕੰਮ-ਮਾਲਕਾਂ ਅਤੇ ਵਰਕਰਾਂ ਨੂੰ ਅਪੀਲ ਕਰ ਰਹੀ ਹੈ ਕਿ ਉਹ ਤਿਲ੍ਹਕਣ, ਥਿੜਕਣ ਅਤੇ ਡਿੱਗਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਕਦਮ ਚੁੱਕਣ। ਨਵੰਬਰ ਤੋਂ ਮਾਰਚ ਦੇ ਵਿਚਕਾਰ, ਅਜਿਹੀਆਂ ਘਟਨਾਵਾਂ ਕਾਰਨ ਲੱਗਣ ਵਾਲੀਆਂ ਸੱਟਾਂ ਵਿੱਚ 37 ਫੀਸਦੀ ਦਾ ਵਾਧਾ ਹੋ ਜਾਂਦਾ ਹੈ।

ਵਰਕਸੇਫਬੀਸੀ ਹਰ ਸਾਲ ਪੱਧਰੀ ਥਾਂ 'ਤੇ ਤਿਲ੍ਹਕਣ, ਥਿੜਕਣ ਅਤੇ ਡਿੱਗਣ ਦੀਆਂ ਘਟਨਾਵਾਂ ਨਾਲ ਸਬੰਧਿਤ ਲਗਭਗ 7,000 ਕਲੇਮ ਮਨਜ਼ੂਰ ਕਰਦਾ ਹੈ, ਜੋ ਕਿ ਕੁੱਲ ਮਨਜ਼ੂਰ ਹੁੰਦੇ ਕਲੇਮਾਂ ਦਾ ਲਗਭਗ 12 ਫੀਸਦੀ ਹਿੱਸਾ ਹੈ। ਇਹਨਾਂ ਸੱਟਾਂ ਕਾਰਨ ਔਸਤਨ 500,000 ਕੰਮਕਾਜੀ ਦਿਨਾਂ ਦਾ ਨੁਕਸਾਨ ਹੁੰਦਾ ਹੈ ਅਤੇ ਕਲੇਮਾਂ 'ਤੇ ਸਾਲਾਨਾ 200 ਮਿਲੀਅਨ ਡਾਲਰ ਤੋਂ ਵੱਧ ਖਰਚਾ ਆਉਂਦਾ ਹੈ। ਦੁਖਦਾਈ ਗੱਲ ਇਹ ਹੈ ਕਿ 2021 ਅਤੇ 2025 ਦੇ ਵਿਚਕਾਰ, ਪੱਧਰੀ ਥਾਂ 'ਤੇ ਡਿੱਗਣ ਕਾਰਨ 11 ਵਰਕਰਾਂ ਦੀ ਮੌਤ ਹੋ ਗਈ।

ਤਿਲ੍ਹਕਣ, ਥਿੜਕਣ ਅਤੇ ਡਿੱਗਣ ਦੀਆਂ ਘਟਨਾਵਾਂ ਕੰਮ ਵਾਲੀ ਲਗਭਗ ਕਿਸੇ ਵੀ ਥਾਂ 'ਤੇ ਵਾਪਰ ਸਕਦੀਆਂ ਹਨ, ਪਰ ਖਾਸ ਤੌਰ 'ਤੇ ਸੇਵਾਵਾਂ ਦੇਣ ਵਾਲੇ ਕਾਰੋਬਾਰਾਂ (ਸਰਵਿਸ ਸੈਕਟਰ) ਵਿੱਚ ਅਜਿਹਾ ਹੋਣਾ ਆਮ ਹੈ। ਸਾਲ 2021 ਤੋਂ 2025 ਦੇ ਵਿਚਕਾਰ, ਤਿਲ੍ਹਕਣ, ਥਿੜਕਣ ਅਤੇ ਡਿੱਗਣ ਨਾਲ ਸਬੰਧਿਤ ਮਨਜ਼ੂਰ ਕੀਤੇ ਗਏ ਕੁੱਲ ਕਲੇਮਾਂ ਵਿੱਚੋਂ ਅੱਧੇ ਤੋਂ ਵੱਧ ਇਸੇ ਖੇਤਰ ਨਾਲ ਸਬੰਧਿਤ ਸਨ। ਇਸ ਤੋਂ ਬਾਅਦ ਹੁਨਰ ਵਾਲੇ ਕੰਮਾਂ (ਟਰੇਡ), ਉਸਾਰੀ, ਆਵਾਜਾਈ ਤੇ ਵੇਅਰਹਾਊਸਾਂ ਦੇ ਕੰਮਾਂ, ਅਤੇ ਫੈਕਟਰੀਆਂ ਵਿੱਚ ਸਭ ਤੋਂ ਵੱਧ ਕਲੇਮ ਸਾਹਮਣੇ ਆਏ। ਆਮ ਖ਼ਤਰਿਆਂ ਵਿੱਚ ਗਿੱਲੀਆਂ ਜਾਂ ਉੱਚੀਆਂ-ਨੀਵੀਂਆਂ ਥਾਵਾਂ, ਮਾੜੀ ਸਫ਼ਾਈ , ਘੱਟ ਰੋਸ਼ਨੀ, ਅਤੇ ਚੱਲਣ ਵਾਲੇ ਰਸਤਿਆਂ ਵਿੱਚ ਰੁਕਾਵਟਾਂ ਸ਼ਾਮਲ ਹਨ।

ਤਿਲ੍ਹਕਣਾ, ਥਿੜਕਣਾ ਅਤੇ ਡਿੱਗਣਾ ਮੋਚ ਆਉਣ, ਖਿੱਚ ਪੈਣ, ਹੱਡੀਆਂ ਟੁੱਟਣ, ਸਿਰ ਦੀਆਂ ਸੱਟਾਂ ਅਤੇ ਹੋਰ ਗੰਭੀਰ ਸੱਟਾਂ ਲੱਗਣ ਦਾ ਕਾਰਨ ਬਣ ਸਕਦੇ ਹਨ ਜਿਨ੍ਹਾਂ ਲਈ ਕੰਮ ਤੋਂ ਹਫ਼ਤਿਆਂ ਜਾਂ ਮਹੀਨਿਆਂ ਦੀ ਛੁੱਟੀ ਕਰਨ ਦੀ ਲੋੜ ਪੈ ਸਕਦੀ ਹੈ।

ਵਰਕਸੇਫਬੀਸੀ ਵਿਖੇ ਪ੍ਰੀਵੈਨਸ਼ਨ ਫੀਲਡ ਸਰਵਿਸਿਜ਼ ਦੇ ਮੈਨੇਜਰ ਸੰਦੀਪ ਮਾਂਗਟ ਕਹਿੰਦੇ ਹਨ, "ਤਿਲ੍ਹਕਣਾ, ਥਿੜਕਣਾ ਅਤੇ ਡਿੱਗਣਾ ਬੀ.ਸੀ. ਵਿੱਚ ਕੰਮ ਵਾਲੀ ਥਾਂ 'ਤੇ ਸਭ ਤੋਂ ਆਮ ਲੱਗਣ ਵਾਲੀਆਂ ਸੱਟਾਂ ਦੇ ਕਾਰਨਾਂ ਵਿੱਚੋਂ ਹਨ। ਕੰਮ-ਮਾਲਕ, ਵਰਕਰਾਂ ਦੇ ਕੰਮ ਵਾਲੀ ਥਾਂ 'ਤੇ ਸੁਰੱਖਿਅਤ ਢੰਗ ਨਾਲ ਚੱਲ ਫਿਰ ਸਕਣ ਨੂੰ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।" "ਕੰਮ ਵਾਲੀ ਥਾਂ 'ਤੇ ਨਿਯਮਿਤ ਤੌਰ 'ਤੇ ਨਿਰੀਖਣ ਕਰਨ, ਕਿਸੇ ਚੀਜ਼ ਦੇ ਡੁੱਲ੍ਹਣ ਦੀ ਤੁਰੰਤ ਸਫਾਈ ਕਰਨ, ਸਫਾਈ ਕਰਨ ਦੇ ਵਧੀਆ ਤਰੀਕੇ ਵਰਤਣ, ਢੁਕਵੀਆਂ ਜੁੱਤੀਆਂ ਪਹਿਨਣ, ਅਤੇ ਖਤਰਿਆਂ ਦੀ ਪਛਾਣ ਕਰਨ ਵਿੱਚ ਵਰਕਰਾਂ ਨੂੰ ਸ਼ਾਮਲ ਕਰਨਾ ਇੱਕ ਅਰਥਪੂਰਨ ਫ਼ਰਕ ਪਾ ਸਕਦਾ ਹੈ।"

ਕੰਮ-ਮਾਲਕ ਖਤਰਿਆਂ ਦੀ ਪਛਾਣ ਕਰਨ, ਉਪਾਅ ਲਾਗੂ ਕਰਨ ਅਤੇ ਕੰਮ ਵਾਲੀ ਥਾਂ 'ਤੇ ਸਿਹਤ ਅਤੇ ਸੁਰੱਖਿਆ ਦੇ ਖਤਰਿਆਂ ਦੀ ਨਿਗਰਾਨੀ ਕਰਨ ਲਈ ਉਪਾਵਾਂ ਦੀ ਲੜੀ ਦੀ ਵਰਤੋਂ ਕਰਨ ਵਾਲੀ ਖਤਰਾ ਰੋਕਥਾਮ ਯੋਜਨਾ ਤਿਆਰ ਅਤੇ ਲਾਗੂ ਕਰਕੇ ਤਿਲ੍ਹਕਣ, ਥਿੜਕਣ, ਅਤੇ ਡਿੱਗਣ ਨੂੰ ਰੋਕਣ ਵਿੱਚ ਮਦਦ ਕਰ ਸਕਦੇ ਹਨ ।

ਇਹ ਕੁਝ ਉਦਾਹਰਨਾਂ ਹਨ:

- ਬਿਜਲੀ ਦੀਆਂ ਤਾਰਾਂ, ਕੋਰਡਾਂ ਅਤੇ ਰਬੜ ਦੀਆਂ ਨਾਲੀਆਂ (ਹੋਜ਼ਜ਼) ਨੂੰ ਅਜਿਹੀ ਥਾਂ 'ਤੇ ਲਗਾਓ ਜਿੱਥੇ ਉਹਨਾਂ ਨਾਲ ਕਿਸੇ ਦੇ ਠੋਕਰ ਖਾ ਕੇ ਡਿੱਗਣ ਦਾ ਖਤਰਾ ਨਾ ਹੋਵੇ।
- ਸਾਜ਼-ਸਾਮਾਨ (ਇਕੁਪਮਿੰਟ) ਤੋਂ ਫਰਸ਼ 'ਤੇ ਦੂਸ਼ਿਤ ਪਦਾਰਥਾਂ ਦੇ ਫੈਲਣ ਨੂੰ ਰੋਕਣ ਲਈ ਢੱਕਣ, ਡੁਲ੍ਹਦੇ ਤੁਪਕਿਆਂ ਨੂੰ ਇਕੱਠਾ ਕਰਨ ਲਈ ਟਰੇਆਂ (ਡ੍ਰਿੱਪ ਪੈਨ), ਡੱਬੇ (ਕਨਟੇਨਰ) ਜਾਂ ਰੋਕਥਾਮ ਵਾਲੇ ਕਮਰਿਆਂ ਦੀ ਵਰਤੋਂ ਕਰੋ।
- ਸਾਰੇ ਸੰਦਾਂ, ਉਪਕਰਨਾਂ ਅਤੇ ਸਮੱਗਰੀ ਨੂੰ ਉਹਨਾਂ ਲਈ ਮਿਥੀਆਂ ਥਾਵਾਂ 'ਤੇ ਰੱਖੋ।
- ਕੰਮ ਵਾਲੀ ਥਾਂ 'ਤੇ ਤਿਲ੍ਹਕਣ ਅਤੇ ਥਿੜਕਣ ਦੇ ਖ਼ਤਰਿਆਂ ਦੇ ਆਧਾਰ 'ਤੇ ਵਰਕਰਾਂ ਲਈ ਇਹ ਤੈਅ ਕਰੋ ਕਿ ਉਹਨਾਂ ਨੂੰ ਕਿਸ ਤਰ੍ਹਾਂ ਦੀਆਂ ਜੁੱਤੀਆਂ ਪਾਉਣੀਆਂ ਚਾਹੀਦੀਆਂ ਹਨ।

ਕੰਮ-ਮਾਲਕਾਂ ਨੂੰ ਆਪਣੇ ਵਰਕਰਾਂ ਅਤੇ ਸਾਂਝੀਆਂ ਸਿਹਤ ਅਤੇ ਸੁਰੱਖਿਆ ਕਮੇਟੀਆਂ (ਜੁਆਇੰਟ ਹੈਲਥ ਐਂਡ ਸੇਫਟੀ ਕਮੇਟੀਜ਼) ਨੂੰ ਖਤਰਾ ਮੁਲਾਂਕਣ ਕਾਰਵਾਈ ਦੇ ਸ਼ੁਰੂ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ। ਸੰਦੀਪ ਮਾਂਗਟ ਦੱਸਦੇ ਹਨ ਕਿ ਕੰਮ ਵਾਲੀ ਥਾਂ ਦੀਆਂ ਬਦਲਦੀਆਂ ਹਾਲਤਾਂ, ਜਿਸ ਵਿੱਚ ਮੌਸਮ ਵੀ ਸ਼ਾਮਲ ਹੈ, ਦਾ ਮਤਲਬ ਹੈ ਕਿ ਖਤਰਾ ਮੁਲਾਂਕਣਾਂ 'ਤੇ ਨਿਯਮਿਤ ਤੌਰ 'ਤੇ ਝਾਤ ਮਾਰਨੀ ਅਤੇ ਉਹਨਾਂ ਨੂੰ ਅਪਡੇਟ ਕਰਨਾ ਜ਼ਰੂਰੀ ਹੈ।

-30-

ਵਸੀਲੇ

- ਤਿਲ੍ਹਕਣਾ, ਥਿੜਕਣਾ ਅਤੇ ਡਿੱਗਣਾ (ਵੈੱਬ-ਪੰਨਾ)

[Punjabi]

- ਕੰਮ ਵਾਲੀ ਥਾਂ 'ਤੇ ਤਿਲ੍ਹਕਣ, ਥਿੜਕਣ ਅਤੇ ਡਿੱਗਣ ਤੋਂ ਬਚਾਅ ਕਰਨਾ (ਕਿਤਾਬ)
- ਰਸੋਈ ਵਿੱਚ ਸੁਰੱਖਿਆ: ਤਿਲ੍ਹਕਣ, ਥਿੜਕਣ ਅਤੇ ਡਿੱਗਣ ਤੋਂ ਬਚਾਅ ਕਰਨਾ (ਵੀਡੀਓ)

ਵਰਕਸੇਫ਼ਬੀਸੀ ਬਾਰੇ

ਵਰਕਸੇਫਬੀਸੀ ਗੈਰ-ਮੁਨਾਫ਼ਾ ਵਰਕਰਜ਼ ਕੰਪਨਸੇਸ਼ਨ ਸਿਸਟਮ ਚਲਾਉਂਦਾ ਹੈ ਜਿਸ ਨੂੰ ਸਿਰਫ਼ ਕੰਮ-ਮਾਲਕਾਂ ਦੁਆਰਾ ਦਿੱਤੀਆਂ ਜਾਂਦੀਆਂ ਬੀਮੇ ਦੀਆਂ ਕਿਸ਼ਤਾਂ (ਪ੍ਰੀਮੀਅਮ) ਅਤੇ ਨਿਵੇਸ਼ ਤੋਂ ਹੋਏ ਲਾਭ ਦੁਆਰਾ ਫੰਡ ਮਿਲਦੇ ਹਨ। ਇਹ ਸੰਸਥਾ ਪੂਰੇ ਬੀ ਸੀ ਵਿੱਚ 2.7 ਮਿਲੀਅਨ ਵਰਕਰਾਂ ਅਤੇ 286,000 ਕੰਮ-ਮਾਲਕਾਂ ਦੀ ਨੇ-ਫਾਲਟ (ਹਾਦਸਾ ਭਾਵੇਂ ਕਿਸੇ ਨੇ ਵੀ ਕੀਤਾ ਹੋਵੇ) ਕੰਮ ਵਾਲੀ ਥਾਂ ਦੀ ਇੰਸ਼ੋਰੈਂਸ ਕਰਦੀ ਹੈ। ਵਰਕਸੇਫਬੀਸੀ ਬੀ. ਸੀ. ਵਿੱਚ ਸੱਟ, ਬਿਮਾਰੀ ਅਤੇ ਅਪੰਗਤਾ ਨੂੰ ਰੋਕਣ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਸ਼ਾਮਲ ਕਰਦਾ ਹੈ। ਜਦੋਂ ਕੰਮ ਨਾਲ ਸਬੰਧਿਤ ਸੱਟਾਂ ਲੱਗਦੀਆਂ ਹਨ ਜਾਂ ਬਿਮਾਰੀਆਂ ਹੁੰਦੀਆਂ ਹਨ, ਤਾਂ ਵਰਕਸੇਫਬੀਸੀ ਵਰਕਰਾਂ ਨੂੰ ਉਹਨਾਂ ਦੀ ਸਿਹਤਯਾਬੀ (ਰਿਕਵਰੀ), ਮੁੜ-ਬਹਾਲੀ (ਰੀਹੈਬਲੀਟੇਸ਼ਨ) ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਦੌਰਾਨ ਮੁਆਵਜ਼ਾ ਅਤੇ ਸਹਾਇਤਾ ਦਿੰਦਾ ਹੈ।

ਹੋਰ ਜਾਣਕਾਰੀ ਲਈ, ਸੰਪਰਕ:
ਮੀਡੀਆ ਰੀਲੇਸ਼ਨਜ਼, ਵਰਕਸੇਫ਼ਬੀਸੀ
ਈਮੇਲ: media@worksafebc.com
ਟੈਲੀਫੋਨ: 604-276-5157